[2013] 2 ਐਸ.ਸੀ.ਆਰ. 1095

ਪ੍ਰੇਮ ਕੌਰ ਬਨਾਮ ਪੰਜਾਬ ਰਾਜ ਅਤੇ ਹੋਰ

(2008 ਦੀ ਫੌਜਦਾਰੀ ਅਪੀਲ ਨੰ. 1364)

ਅਪ੍ਰੈਲ 25, 2013

[ਡਾ. ਬੀ.ਐਸ. ਚੌਹਾਨ ਅਤੇ ਫਕੀਰ ਮੁਹੰਮਦ ਇਬਰਾਹਿਮ ਕਲੀਫੁੱਲਾ, ਜੇ.ਜੇ.]

ਪੀਨਲ ਕੋਡ, 1860:

**ਦਫਾ** 376, 363, 148, 323, 149, 342 ਅਤੇ 506 – ਦੋਸ਼ੀ ਪਿਉ-ਪੁੱਤ ਸਮੇਤ ਵਿਅਕਤੀਆਂ ਨੇ **ਕੀਤਾ** ਇੱਕ ਮਜ਼ਦੂਰ ਨਾਲ ਬਲਾਤਕਾਰ, ਕੁੱਟਮਾਰ ਅਤੇ ਤਸ਼ੱਦਦ - ਹੇਠਲੀ ਅਦਾਲਤ ਦੁਆਰਾ ਬਰੀ, ਹਾਈ ਕੋਰਟ ਦੁਆਰਾ ਪੁਸ਼ਟੀ – ਫੈਸਲਾ ਕੀਤਾ : ਇੱਕ ਅਦਾਲਤ ਦੇ ਜੱਜ ਵਲੋਂ ਆਪਣਾ ਦਿਮਾਗ ਇਸਤੇਮਾਲ ਕਰਨਾ ਚਾਹੀਦਾ ਹੈ ਕਿ ਨਤੀਜਾ ਰਿਕਾਰਡ 'ਤੇ ਮੌਜੂਦ ਸਾਰੇ ਸਬੂਤਾਂ ਦਾ ਸਹੀ ਮੁਲਾਂਕਣ ਦੇ ਆਧਾਰ ਤੇ ਹੋਵੇ – ਹਰੇਕ ਅਦਾਲਤ ਆਪਣੇ ਨਤੀਜਿਆਂ ਲਈ ਵਜ੍ਹਾ ਦੱਸਣ ਲਈ ਪਾਬੰਦ ਹੈ – ਮੌਜੂਦਾ ਕੇਸ ਵਿਚ ਅਦਾਲਤ ਨੇ ਕੇਸ ਦਾ ਫੈਸਲਾ 354 ਸੀ.ਆਰ.ਪੀ.ਸੀ ਦੇ ਉਪਬੰਧਾਂ ਦੀ ਪਾਲਣਾ ਕਰਦੇ ਹੋਏ ਨਹੀਂ ਕੀਤਾ – ਇਸ ਨੇ ਬਰੀ ਕਰਨ ਲਈ ਕੋਈ ਠੋਸ ਤਰਕ ਨਹੀਂ ਦਿੱਤਾ, ਜਦਕਿ ਮੁਦਾਇਲਾ ਦਾ ਕੇਸ ਇਹ ਸੀ ਕਿ ਉਹ ਹਸਪਤਾਲ ਵਿਚ ਭਰਤੀ ਰਹੀ – ਉਸਨੇ ਅਦਾਲਤ ਵਿਚ ਬਿਆਨ ਦਿੱਤਾ ਕਿ ਉਹ ਦੱਸੇ ਗਏ ਜੁਰਮ ਦਾ ਸ਼ਿਕਾਰ ਹੋਈ ਸੀ – ਹਾਈ ਕੋਰਟ ਵੀ ਹੇਠਲੀ ਅਦਾਲਤ ਦੁਆਰਾ ਕੇਸ ਦੀ ਸੱਚਾਈ ਪਤਾ ਲਗਾਉਣ ਦੀ ਬਹੁਤ ਕੋਸ਼ਿਸ਼ ਕੀਤੇ ਬਿਨਾਂ ਦਿੱਤੇ ਹੋਏ ਤਰਕ ਤੋਂ ਹੈਰਾਨ ਸੀ – ਹੇਠਲੀਆਂ ਅਦਾਲਤਾਂ ਨੇ ਇਸ ਮਾਮਲੇ ਨੂੰ ਇੱਕ ਬਹੁਤ ਹੀ ਸੰਖੇਪ ਰੂਪ ਵਿੱਚ ਲਿਆ – ਉਹਨਾਂ ਵਲੋਂ ਫੈਸਲੇ ਤੇ ਪਹੁੰਚਣ ਲਈ ਕਾਰਨਾਂ ਦੇ ਬਿਆਨ, ਜੋ ਕਿ ਇਸ ਮਾਮਲੇ ਤੇ ਰੋਸ਼ਨੀ ਪਾ ਸਕਦੇ ਸਨ, ਲਾਪਤਾ ਹਨ – ਹੇਠਲੀਆਂ ਅਦਾਲਤਾਂ ਦੇ ਫੈਸਲੇ ਸੀ.ਆਰ.ਪੀ.ਸੀ. ਤਹਿਤ ਨਿਰਧਾਰਿਤ ਕੀਤੇ ਵਿਧਾਨਿਕ ਪ੍ਰਬੰਧਾਂ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੇ – ਹੇਠਲੀਆਂ ਅਦਾਲਤਾਂ ਵਲੋਂ ਅਪਨਾਇਆ ਗਿਆ ਨਜਰੀਆ ਸਪੱਸ਼ਟ ਤੌਰ ਤੇ ਗੈਰ–ਵਾਜ਼ਿਬ ਹੈ ਅਤੇ ਇਸ ਦੇ ਨਤੀਜੇ ਵਜੋਂ ਨਿਆਂ ਦੀ ਦੁਰਵਰਤੋਂ ਹੋਈ ਹੈ - ਹੇਠਲੀਆਂ ਅਦਾਲਤਾਂ ਨੂੰ ਨੁਕਸਦਾਰ ਅਤੇ **ਗਲਤ ਫੈਸਲਾ** ਨਹੀਂ ਦੇਣਾ ਚਾਹੀਦਾ - ਅਸਲ ਵਿੱਚ ਇਹ ਕਾਨੂੰਨ ਦੀਆਂ ਨਜ਼ਰਾਂ ਵਿੱਚ ਕੋਈ ਨਿਰਣਾ ਨਹੀਂ ਹੈ –

*ਇਹ ਅਦਾਲਤ ਹੇਠਲੀਆਂ ਅਦਾਲਤਾਂ ਦੁਆਰਾ ਦਰਜ ਕੀਤੀਆਂ ਗਈਆਂ ਖੋਜਾਂ ਦੇ ਸਹੀ ਹੋਣ, ਕਾਨੂੰਨੀ ਹੋਣ ਬਾਰੇ ਨਿਰਣਾ ਕਰਨ ਦੀ ਹਾਲਤ ਵਿਚ ਨਹੀਂ ਹੈ – ਸਹੀ ਕਾਰਨਾਂ ਦੀ ਅਣਹੋਂਦ ਸਿਰਫ ਇੱਕ ਅਨਿਯਮਿਤਤਾ ਨਹੀਂ ਹੈ, ਬਲਕਿ ਸਪਸ਼ਟ ਤੌਰ ਗੈਰਕਾਨੂੰਨੀ ਹੈ – ਹੇਠਲੀ ਅਦਾਲਤ ਅਤੇ ਹਾਈ ਕੋਰਟ ਦੁਆਰਾ ਵਿਖਾਈ ਗਈ ਨਿਆਇਕ ਅਸੰਵੇਦਨਸ਼ੀਲਤਾ ਪਰੇਸ਼ਾਨ ਕਰਨ ਵਾਲੀ ਹੈ – ਕਿ ਇਲਜ਼ਾਮ ਸਹੀ ਹਨ ਜਾਂ ਨਹੀਂ, ਇਹ ਰਿਕਾਰਡ ਉਪਰ ਮੌਜੂਦ ਸਬੂਤਾਂ ਦੇ ਅਧਾਰ ਉਪਰ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਅਜਿਹੇ ਮੁੱਦੇ ਦਾ ਫੈਸਲਾ ਸਿਰਫ ਇਹ ਕਹਿ ਕੇ ਨਹੀਂ ਕੀਤਾ ਜਾ ਸਕਦਾ ਕਿ ਇਹ ਅਸੰਭਵ ਹੈ – ਜਿਸ ਤਰੀਕੇ ਨਾਲ ਹੇਠਲੀਆਂ ਅਦਾਲਤਾਂ ਨੇ ਕੇਸ ਨਾਲ ਨਜਿੱਠਿਆ ਹੈ, ਉਹ ਮੰਜ਼ੂਰ ਨਹੀਂ ਕੀਤਾ ਜਾ ਸਕਦਾ – ਹੇਠਲੀਆਂ ਅਦਾਲਤਾਂ ਦੇ ਫੈਸਲੇ ਨੂੰ ਰੱਦ ਕੀਤਾ ਜਾਂਦਾ ਹੈ ਅਤੇ ਨਵੇਂ ਸਿਰੇ ਤੋਂ ਰਿਕਾਰਡ ਉਪਰ ਮੌਜੂਦ ਸਬੂਤ/ਸਮੱਗਰੀ ਮੁਤਾਬਿਕ ਫੈਸਲਾ ਕਰਨ ਲਈ, ਇਸ ਕੇਸ ਨੂੰ ਹੇਠਲੀ ਅਦਾਲਤ ਨੂੰ ਰਿਮਾਂਡ ਕੀਤਾ ਜਾਂਦਾ ਹੈ – ਕੇਸ ਦੇ ਹਾਲਾਤਾਂ ਅਤੇ ਤੱਥਾਂ ਦੀ ਰੋਸ਼ਨੀ ਵਿਚ, ਹੇਠਲੀ ਅਦਾਲਤ ਦੋਹਾਂ ਧਿਰਾਂ ਵਲੋਂ ਪੇਸ਼ ਦਲੀਲਾਂ ਨੂੰ ਸੁਣੇਗੀ, ਦੋਸ਼ੀਆਂ ਵਲੋਂ ਲਿੱਤੇ ਗਏ ਬਚਾਅ ਦੀ ਹਰ ਦਲੀਲ ਨੂੰ ਧਿਆਨ ਵਿਚ ਰੱਖਦੇ ਹੋਏ, ਕਾਨੂੰਨ ਮੁਤਾਬਿਕ ਉਹਨਾਂ ਦੇ ਬਿਆਨ ਜ਼ੇਰੇ ਧਾਰਾ 313 ਸੀ.ਆਰ.ਪੀ.ਸੀ. ਦਰਜ ਕਰੇਗੀ – ਅਪਰਾਧਿਕ ਪ੍ਰੋਸੀਜਰ ਕੋਡ 1973 – ਧਾਰਾ 354 – ਫੈਸਲੇ*

*ਔਰਤਾਂ ਵਿਰੁੱਧ ਅਪਰਾਧ*

*ਜਿਨਸੀ ਹਮਲਾ – ਅਦਾਲਤਾਂ ਵਲੋਂ ਕੇਸ ਨਾਲ ਨਜਿੱਠਦੇ ਸਮੇਂ ਵਿਖਾਈ ਜਾਉਣ ਵਾਲੀ ਸੰਵੇਦਨਸ਼ੀਲਤਾ – ਦੰਡ ਸੰਹਿਤਾ, 1860*

*ਐਚ.ਬੀ.ਗਾਂਧੀ ਅਤੇ ਹੋਰ ਬਨਾਮ ਗੋਪੀ ਨਾਥ ਐਂਡ ਸੰਨਜ਼* 1992 **ਪੂਰਕ** (2) **ਐਸ.ਸੀ.ਸੀ.** 312; *ਤ੍ਰਿਵੇਣੀ ਰਬੜ ਅਤੇ ਪਲਾਸਟਿਕ ਬਨਾਮ ਕੁਲੈਕਟਰ ਸੈਂਟਰਲ ਐਕਸਾਈਜ਼ ਕੋਚੀਨ* **ਏ.ਆਈ.ਆਰ.** 1994 **ਐਸ.ਸੀ.** 1341; *ਕੁਲਦੀਪ ਸਿੰਘ ਬਨਾਮ ਕਮਿਸ਼ਨਰ ਪੁਲਿਸ ਅਤੇ ਹੋਰ* 1998 (3) **ਪੂਰਕ ਐਸ.ਸੀ.ਸੀ.** 594 : **ਏ.ਆਈ.ਆਰ.**1999 **ਐਸ.ਸੀ.** 677; *ਗਯਾ ਦੀਨ ਅਤੇ ਹੋਰ ਬਨਾਮ ਹਨੁਮਾਨ ਪ੍ਰਸਾਦ ਅਤੇ ਹੋਰ* **ਏ.ਆਈ.ਆਰ.**2001 **ਐਸ.ਸੀ.** 386; *ਰਜਿੰਦਰ ਕੁਮਾਰ ਕਿੰਦਰਾ ਬਨਾਮ ਦਿੱਲੀ ਸਰਕਾਰ* 1985 (1) **ਐਸ.ਸੀ.ਆਰ.** 866 : **ਏ.ਆਈ.ਆਰ.**1984 **ਐਸ.ਸੀ.** 1805; *ਸੱਤਿਆਵੀਰ ਸਿੰਘ ਬਨਾਕ ਉਤਰ ਪ੍ਰਦੇਸ਼ ਰਾਜ* 2010 (2) **ਐਸ.ਸੀ.ਆਰ.** 729 = (2010) **ਐਸ.ਸੀ.ਸੀ.** 174; *ਪੰਜਾਬ ਰਾਜ ਬਨਾਮ ਜਗੀਰ ਸਿੰਘ, ਬਲਜੀਤ ਸਿੰਘ ਅਤੇ ਕਰਮ ਸਿੰਘ* 1974 (1) **ਐਸ.ਸੀ.ਆਰ.** 328 = **ਏ.ਆਈ.ਆਰ.**1973 **ਐਸ.ਸੀ.** 2407; *ਮੁਖਤਾਰ ਸਿੰਘ ਅਤੇ ਹੋਰ ਬਨਾਮ ਪੰਜਾਬ ਰਾਜ;* 1995 (1) **ਐਸ.ਸੀ.ਆਰ.** 38 = **ਏ.ਆਈ.ਆਰ.**1995 **ਐਸ.ਸੀ.** 686 – **ਹਵਾਲਾ ਦਿੱਤਾ ਗਿਆ ।**

(ਡਿਸਕਲੇਮਰ : ਸਥਾਨਕ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਨਿਆਂ ਨਿਰਣਾ ਕੇਵਲ ਮੁਕੱਦਮੇਬਾਜ਼ਾਂ ਲਈ ਉਹਨਾਂ ਦੀ ਆਪਣੀ ਭਾਸ਼ਾ ਵਿਚ ਸਮਝਣ ਤੱਕ ਹੀ ਸੀਮਿਤ ਹੈ ਅਤੇ ਇਸਦਾ ਕਿਸੇ ਹੋਰ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਤ ਮੰਤਵਾਂ ਲਈ ਨਿਆਂ ਨਿਰਣੇ ਦਾ ਅੰਗਰੇਜ਼ੀ ਸੰਸਕਰਣ ਪ੍ਰਮਾਣਿਕ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸ ਨੂੰ ਤਰਜੀਹ ਦਿੱਤੀ ਜਾਵੇਗੀ ।)